ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਤੀਸਰਾ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

**ਮੋਗਾ ਬੋਲਦਾ ਹੈ**

**ਕਾਂਡ ਨੰ. 3**

ਲੇਖਕ: ਸ. ਹਰਨੇਕ ਸਿੰਘ ਰੋਡੇ
ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

# ਮੋਗਾ ਪਿੰਡ ਨਾਮਕਰਨ



ਹਰ ਇਕ ਦਿਹਾਤ ਵਿਚਲੀ ਆਬਾਦੀ ਨੂੰ ਪਿੰਡ ਆਖਿਆ ਜਾਂਦਾ ਹੈ। ਪਿੰਡ ਸ਼ਬਦ ਬਹੁਤ ਹੀ ਪੁਰਾਣਾ ਹੈ ਜੋ ਕਈ ਬੋਲੀਆਂ ਵਿਚ ਮਿਲਦਾ ਹੈ। ਸ਼ਾਹਪੁਰੀ ਕਾਂਗੜੀ ਬੋਲੀ ਵਿਚ ਪਿੰਡ ਦਾ ਅਰਥ ਹੈ - ਉਜੜੀ ਹੋਈ ਜਗ੍ਹਾ। ਮੁਲਤਾਨੀ ਭਾਸ਼ਾ ਵਿਚ ਪਿੰਡ ਦਾ ਅਰਥ - ਆਬਾਦੀ ਲਿਆ ਜਾਂਦਾ ਹੈ ਅਤੇ ਪੋਠੋਹਾਰੀ ਬੋਲੀ ਵਿਚ ਪਿੰਡ ਦਾ ਅਰਥ ਹੈ - ਖੰਜੂਰ। ਇਸ ਲਈ ਇਸ ਸ਼ਬਦ ਦੀ ਉਤਪਤੀ ਇਰਾਨ, ਇਰਾਕ, ਅਰਬ ਦੇ ਖੁਸ਼ਕ ਦੇਸ਼ਾਂ ਤੋਂ ਹੋਈ ਲੱਗਦੀ ਹੈ। ਕਿਉਂਕਿ ਇਨ੍ਹਾਂ ਦੇਸ਼ਾਂ ਵਿਚ ਮੁੱਖ ਪੇੜ ਖੰਜੂਰ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਪਿੰਡ ਦਾ ਅਰਥ ਦਿੱਤਾ ਹੈ - ਇਕੱਠਾ ਕਰਨਾ, ਗਾਂਵ, ਸਰੀਰ। ਇਸ ਇਲਾਕੇ ਦੇ ਗਿੱਲ ਅਤੇ ਸ਼ੇਰਗਿੱਲ ਆਦਿ ਇਰਾਨ, ਇਰਾਕ, ਅਫਗਾਨਿਸਤਾਨ ਵਿਚ ਦੀ ਹੋ ਕੇ ਪੰਜਾਬ 'ਚ ਆਬਾਦ ਹੋਏ ਹਨ। ਪਿੰਡ ਸ਼ਬਦ ਵੀ ਇਹਨਾਂ ਦੇ ਨਾਲ ਹੀ ਆ ਗਿਆ। ਇਹ ਆਪਣੀਆਂ ਆਬਾਦੀਆਂ ਨੂੰ ਪਿੰਡ ਆਖਣ ਲੱਗ ਪਏ।

ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਪਿੰਡ ਮੋਗਾ ਦਾ ਨਾਂ ਮੋਗਾ ਕਿਵੇਂ ਪਿਆ? ਇਸ ਦਾ ਉੱਤਰ ਲੱਭਣ ਲਈ ਸਾਨੂੰ ਆਪਣਾ ਘੇਰਾ ਵਿਸ਼ਾਲ ਕਰਨ ਦੀ ਲੋੜ ਹੈ। ਇਹ ਨਾਮਕਰਨ ਲੱਭਣ ਲਈ ਸਾਨੂੰ ਹੋਰ ਪਿੰਡਾਂ ਬਾਰੇ ਵੀ ਖੋਜ ਕਰਨੀ ਪਵੇਗੀ, ਫਿਰ ਹੀ ਅਸੀਂ ਕਿਸੇ ਠੋਸ ਨਤੀਜੇ 'ਤੇ ਪਹੁੰਚ ਪਾਵਾਂਗੇ।

**ਕੋਟ ਈਸੇ ਖਾਂ** - ਇਹ ਕਸਬਾ ਜ਼ੀਰਾ ਦੇ ਨੇੜੇ ਹੈ। ਇਥੋਂ ਦਾ ਤਅੱਲਕੇਦਾਰ ਦੌਲਤ ਖਾਂ 'ਮੰਜ' ਰਾਜਪੂਤ ਸੀ। ਇਸ ਦੇ ਤਿੰਨ ਪੁੱਤਰ ਸਨ। ਰੇਬਤ ਖਾਂ, ਈਸੇ ਖਾਂ ਅਤੇ ਸ਼ੇਖ਼ ਖਾਂ ਨਿਆਜ਼ੀ। ਈਸੇ ਖਾਂ ਨੂੰ ਸ਼ੇਰ ਸ਼ਾਹ ਦੀ ਫੌਜ ਵਿਚ ਉੱਚਾ ਰੁਤਬਾ ਹਾਸਿਲ ਸੀ। ਹਮਾਯੂੰ ਦੇ ਖਿਲਾਫ ਈਸੇ ਖਾਂ ਨੇ ਬਹੁਤ ਬਹਾਦਰੀ ਦਿਖਾਈ ਸੀ ਤੇ ਬਹੁਤ ਪ੍ਰਸਿੱਧੀ ਹਾਸਲ ਕੀਤੀ ਸੀ। ਨਵਾਬ ਨੇ ਈਸੇ ਖਾਂ ਨੂੰ ਬਹੁਤ ਅਖ਼ਤਿਆਰ ਦਿੱਤੇ ਸਨ ਅਤੇ ਜੰਗੀਰਾਂ ਅਲਾਟ ਕੀਤੀਆਂ ਸਨ। ਉਸ ਸਮੇਂ ਹੀ ਈਸੇ ਖਾਂ ਨੇ ਆਪਣੇ ਨਾਮ 'ਤੇ ਕੋਟ ਈਸੇ ਖਾਂ ਆਬਾਦ ਕੀਤਾ ਸੀ।

**ਭਾਈ ਰੂਪਾ** - ਇਹ ਪਿੰਡ ਦੀਨਾ ਕਾਂਗੜ ਤੋਂ ਥੋੜ੍ਹੀ ਦੂਰ ਤੇ ਵਸਿਆ ਹੋਇਆ ਹੈ। ਇਸਨੂੰ ਛੇਵੇਂ ਪਾਤਸ਼ਾਹ ਸਮੇਂ ਭਾਈ ਰੂਪ ਚੰਦ ਨੇ ਵਸਾਇਆ ਸੀ। ਇਸ ਕਰਕੇ ਇਸ ਪਿੰਡ ਦਾ ਨਾਮ 'ਭਾਈ ਰੂਪਾ' ਪਿਆ।

**ਮਰਾਝ** - ਇਹ ਕਸਬਾ ਫੂਲਕਿਆਂ ਰਾਜਿਆਂ ਦੇ ਬਜ਼ੁਰਗ ਭਾਈ ਮੋਹਨ ਕੇ ਸਿੱਧੂਆਂ ਦਾ ਬੰਨ੍ਹਿਆ ਹੋਇਆ ਹੈ। ਜਿਸਨੂੰ 1684 ਬਿ. ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਭਾਈ ਮੋਹਣਕਿਆਂ ਨੇ ਆਪਣੇ ਦਾਦੇ ਮਰਾਝ ਦੇ ਨਾਂਅ 'ਤੇ ਆਬਾਦ ਕੀਤਾ ਸੀ।

**ਡਰੋਲੀ** - 1852-53 ਦੇ ਬੰਦੋਬਸਤ ਅਨੁਸਾਰ ਡਰੋਲੀ ਨਾਂਅ ਦੀ ਇਕ ਨਾਚੀ ਸੀ। ਜਿਸ ਨੇ ਮੁਸਲਮਾਨ ਬਾਦਸ਼ਾਹ ਤੋਂ ਇਹ ਜਗੀਰ ਹਾਸਿਲ ਕੀਤੀ ਸੀ। ਇਹ ਡਰੋਲੀ ਨਾਂਅ ਦੀ ਨਾਚੀ ਬੇਔਲਾਦ ਸੀ। ਇਸ ਡਰੋਲੀ ਨੇ ਆਪਣੇ ਆਖ਼ਰੀ ਸਮੇਂ ਆਪਣੀ ਸਾਰੀ ਵਿਰਾਸਤ ਸੰਘਿਆਂ ਨੂੰ ਦੇ ਦਿੱਤੀ ਅਤੇ ਕਿਹਾ ਸੀ ਕਿ ਇਸ ਜਗੀਰ ਦੇ ਤੁਸੀਂ ਅੱਜ ਤੋਂ ਮਾਲਕ ਹੋ। ਪਰ ਇਥੇ ਮੇਰੇ ਨਾਂਅ 'ਤੇ ਪਿੰਡ ਵਸਾਇਆ ਜਾਵੇ। ਇਸ ਤਰ੍ਹਾਂ ਇਹ ਡਰੋਲੀ ਪਿੰਡ ਹੋਂਦ ਵਿਚ ਆਇਆ।

ਇਸ ਤਰ੍ਹਾਂ ਹੀ ਫਿਰੋਜ਼ਪੁਰ ਸ਼ਹਿਰ ਫਿਰੋਜ਼ਸ਼ਾਹ ਤੁਗਲਕ ਨੇ ਆਪਣੇ ਨਾਂਅ 'ਤੇ 1360 ਈ. ਵਿਚ ਆਬਾਦ ਕੀਤਾ। ਇਸ ਤਰ੍ਹਾਂ ਹੀ ਲਾਹੌਰ ਸ਼ਹਿਰ ਦੀ ਉਤਪਤੀ ਰਾਮਚੰਦਰ ਦੇ ਸਪੁੱਤਰ ਲਊ ਅਤੇ ਕੁਸੂ ਤੋਂ ਕਸੂਰ ਨਗਰ ਆਬਾਦ ਹੋਏ।

ਆਮ ਪਿੰਡਾਂ ਦੇ ਨਾਂ ਮਨੁੱਖੀ ਨਾਵਾਂ ਤੋਂ ਹੀ ਉਪਜੇ ਹਨ। ਇਸ ਮੋਗੇ ਪਿੰਡ ਦੇ ਪੁਰਾਤਨ ਬਾਰੇ ਕਈ ਤੱਥ ਮਿਲਦੇ ਹਨ। ਮਾਲਵਾ ਇਤਿਹਾਸ ਦੀ ਭੂਮਿਕਾ ਅਨੁਸਾਰ ਪਹਿਲੀ ਸਦੀ ਈ. ਵਿਚ ਰਾਜਾ 'ਮੋਗ' ਦੀ ਬੰਸ ਨੇ ਮੋਗ ਬੰਧ ਦੇ ਨਾਲ ਹੀ ਇਹ ਪਿੰਡ ਬੱਧਾ ਸੀ। ਉਦੋਂ ਇਹ ਸਤਲੁਜ ਦੇ ਹਿਠਾੜ ਦਾ ਸਿਰਾ ਸੀ। ਜਦੋਂ ਹੂੰਨਾਂ ਦਾ ਹੁੱਲੜ ਆਇਆ ਤਾਂ ਜਨੇਰ ਅਤੇ ਤਿਹਾੜੇ ਆਦਿ ਦੇ ਨਾਲ ਹੀ ਇਸਨੂੰ ਵੀ ਉਜਾੜਿਆ ਗਿਆ। ਇਹ ਪੰਜਵੀਂ ਸਦੀ ਦਾ ਸਮਾਂ ਸੀ।

ਪਹਿਲੀ ਸਦੀ ਵਿਚ 'ਤਖਤਿਬਾਹੀ' ਦੇ ਰਹਿਮ ਵਾਲੇ ਇੰਡੋ ਪਾਰਥੀ ਲੋਕਾਂ ਨੇ ਪੰਜਾਬ ਤੱਕ ਵੀ ਆਪਣਾ ਰਾਜ ਕਾਇਮ ਕੀਤਾ ਸੀ। ਇਸ ਬੰਸ ਵਿਚੋਂ 'ਰੰਜੂ ਬੁੱਲ' ਬੜਾ ਪ੍ਰਭਾਵਸ਼ਾਲੀ ਰਾਜਾ ਹੋਇਆ ਜਿਸ ਨੇ ਆਪਣੇ ਵਡੇਰੇ ਦੇ ਨਾਮ 'ਤੇ 'ਮੋਗ' ਜਾਂ 'ਮੱਘ' ਨਾਮੀ ਸਿੱਕੇ ਚਲਾਏ ਸਨ। ਰਾਜਾ ਬੁੱਲ ਨੇ ਪੂਰਬੀ ਪੰਜਾਬ ਵਿਚ ਤਿਹਾੜੇ ਦੇ ਰਸਤੇ ਆ ਕੇ ਉਜੜੇ ਤਹਿਾੜੇ ਵਾਲੀ ਥਾਂ 'ਤੇ ਮੋਗ ਪੁਰ ਸ਼ਹਿਰ ਵਸਾਇਆ। ਇਹ ਮੋਗਪੁਰ ਸ਼ਹਿਰ ਤਿੰਨ ਵਾਰ ਵਸਿਆ ਅਤੇ ਉਜੜਿਆ। ਅਤੇ ਤੀਜੀ ਵਾਰੀ ਇਹ ਮੋਗਪੁਰ ਸ਼ਹਿਰ ਮੋਗੇ ਵਾਲੀ ਅਸਲੀ ਥਾਂ 'ਤੇ ਵਸਿਆ ਸੀ।

ਗਲੋਸਰੀ ਆਫ਼ ਟਰਾਈਬਜ਼ ਕਾਸਟਸ ਆਫ ਦੀ ਪੰਜਾਬ ਭਾਗ ਪਹਿਲਾ, ਪੰਜ ਨੰਬਰ 140 ਅਨੁਸਾਰ 72 ਬੀ ਸੀ. ਦੇ ਕਰੀਬ ਮਹਾਰਾਜਾ ਸਿਕੰਦਰ ਨੇ ਦਰਿਆ ਜਿਹਲਮ ਪਾਸ ਨਕੋਆ ਨਾਮੀ ਕਸਬਾ ਆਬਾਦ ਕੀਤਾ ਸੀ। ਜਿਸ ਨੂੰ ਸਮੇਂ ਦੇ ਚੱਕਰ ਨੇ ਬਰਬਾਦ ਕਰ ਦਿੱਤਾ ਸੀ। ਇਹ ਨੋਕਆ ਵਾਲੀ ਥਾਂ 'ਤੇ 'ਰਾਜਮੋਗ' ਜਿਸਨੂੰ ਰਾਜ ਸ਼ੰਕਰ ਵੀ ਆਖਦੇ ਸਨ, ਨੇ ਆਪਣੇ ਮੋਗ ਦੇ ਨਾਮ 'ਤੇ ਮੋਗਾ ਕਸਬਾ ਆਬਾਦ ਕੀਤਾ ਸੀ।

ਅਸਲ ਵਿਚ ਜਿੰਨਾ ਕਿਸੇ ਚੀਜ਼ ਨੂੰ ਫਰੋਲੀਏ, ਬਹੁਤੇ ਕਾਗਜ਼ ਉਲੱਦੀਏ ਅਤੇ ਬਹੁਤੀ ਪੁਣ-ਛਾਣ ਕਰੀਏ ਉਤਨਾ ਹੀ ਉਸ ਵਿਚੋਂ ਹੋਰ-ਹੋਰ ਕੁਝ ਮਿਲਦਾ ਹੈ।

ਸਾਹਸੀ ਬਲਕਾਰ ਸਿੰਘ ਘੱਲ ਕਲਾਂ ਦੇ ਰਿਕਾਰਡ ਅਨੁਸਾਰ ਇਸ ਮੋਗੇ ਵਾਲੀ ਥਾਂ 'ਤੇ ਪਹਿਲਾਂ ਖੱਤਰੀ ਰਹਿੰਦੇ ਸਨ। ਜਦੋਂ ਮੋਗੇ ਗਿੱਲ ਕੇ ਵੈਰੋਕਿਆਂ ਤੋਂ ਰਤਨਪਾਲ ਨੇ ਉਜਾੜ ਦਿੱਤੇ ਸਨ ਤਾਂ ਮੋਗੇ ਕੇ ਗਿੱਲਾਂ ਨੇ ਤੂਰ ਕੌਮ ਦਾ ਆਸਰਾ ਲਿਆ ਸੀ ਅਤੇ ਮੋਗੇ ਦੀ ਪੁਰਾਣੀ ਥੇਹ 'ਤੇ ਆਪਣਾ ਪਿੰਡ ਆਣ ਬੱਧਾ ਸੀ। ਇਸ ਪਿੰਡ ਦੀ ਮੋਹੜੀ ਗੱਡਣ ਸਮੇਂ ਵੀ ਮੋਗੇ ਕੇ ਗਿੱਲਾਂ ਦੀ ਖੱਤਰੀ ਮੇਲਾ (ਜੋ ਉਸ ਸਮੇਂ ਇਸ ਇਲਾਕੇ ਦਾ ਚੌਧਰੀ ਸੀ) ਨਾਲ ਲੜਾਈ ਹੋਈ ਸੀ ਅਤੇ ਮੋਗੇ ਕੇ ਗਿੱਲ ਜ਼ਬਰਦਸਤੀ ਕਾਮਯਾਬ ਹੋ ਗਏ ਸਨ। ਮੋਗੇ ਗਿੱਲ ਕਿਆਂ ਨੇ ਪਿੰਡ ਤਾਂ ਬੰਨ੍ਹ ਲਿਆ ਸੀ ਪਰ ਜਦ ਵੀ ਕਦੇ ਮੌਕਾ ਲੱਗਦਾ ਸੀ ਉਹ ਖੱਤਰੀ ਇਹਨਾਂ ਦਾ ਨੁਕਸਾਨ ਜ਼ਰੂਰ ਕਰਦੇ ਸਨ। ਮਾਲ ਡੰਗਰ ਚੁਰਾ ਕੇ ਲੈ ਜਾਂਦੇ ਸਨ। ਇਹਨਾਂ ਖੱਤਰੀਆਂ ਦੀ ਮੱਦਦ ਰਤਨਪਾਲ ਕਰਦਾ ਸੀ।

ਮੋਗਾ ਗਿੱਲ ਹਿੰਦੂ ਸਿੱਧਾਂ ਦਾ ਉਪਾਸਕ ਸੀ। ਉਹਨਾਂ ਸਮਿਆਂ ਵਿਚ ਸਿੱਧ ਮਹਾਤਮਾ ਦੀ ਲੋਕ-ਮਾਨਤਾ ਆਮ ਸੀ। ਮੋਗੇ ਗਿੱਲ ਨੇ ਉਸ ਸਮੇਂ ਦੇ ਮਹਾਨ ਸਿੱਧ ਬਾਬਾ ਸਿੱਧ ਮਲ੍ਹਣ ਸ਼ਾਹ ਕੋਲ ਜਾ ਅਰਦਾਸ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਤੇ ਕ੍ਰਿਪਾ ਦ੍ਰਿਸ਼ਟੀ ਕਰੋ। ਅਸੀਂ ਰਾਜਿਆਂ-ਮਹਾਰਾਜਿਆਂ ਦੀ ਬੰਸ ਹਾਂ। ਸਾਨੂੰ ਬਠਿੰਡੇ ਤੋਂ ਰਤਨਪਾਲ ਨੇ (ਜੋ ਮੁਸਲਮਾਨ ਬਣ ਕੇ ਹਾਜੀ ਰਤਨ ਕਰਕੇ ਮਸ਼ਹੂਰ ਸੀ) ਉਜਾੜਿਆ। ਫਿਰ ਅਸੀਂ ਉਜੜ ਕੇ ਵਸੇ ਹਾਂ ਤਾਂ ਸਾਨੂੰ ਫਿਰ ਉਥੋਂ ਉਜਾੜਿਆ ਗਿਆ। ਸਾਡੇ ਤੇ ਕਿਰਪਾ ਕਰੋ। ਜਿਥੇ ਅਸੀਂ ਹੁਣ ਪਿੰਡ ਬੰਨ੍ਹਿਆ ਹੈ, ਇਥੇ ਸਾਡੀ ਖੱਤਰੀਆਂ ਨਾਲ ਨਿੱਤ ਲੜਾਈ ਹੁੰਦੀ ਹੈ। ਸਾਡਾ ਮਾਲ ਡੰਗਰ ਚੋਰੀ ਹੋ ਜਾਂਦਾ ਹੈ। ਸਾਨੂੰ ਜ਼ਰੂਰ ਵਸਾਓ। ਸਿੱਧ ਮਲ੍ਹਣ ਸ਼ਾਹ ਨੇ ਮੇਲੇ ਖੱਤਰੀ ਕਿਆਂ ਨੂੰ ਬੁਲਾ ਕੇ ਇਨ੍ਹਾਂ ਦਾ ਫੈਸਲਾ ਕਰਵਾਇਆ ਕਿ ਗਿੱਲ ਦੁਸ਼ਾਲਿਆਂ ਵਾਲੇ ਹਨ। ਰਾਜਿਆਂ ਮਹਾਰਾਜਿਆਂ ਦੀ ਬੰਸ ਹੈ। ਇਹ ਤੁਹਾਡੇ 'ਤੇ ਵਾਧਾ ਨਹੀਂ ਕਰਨਗੇ। ਇਹਨਾਂ ਨੂੰ ਏਥੇ ਵਸਣ ਦਿਓ।

ਮੇਲਾ ਖੱਤਰੀ ਬਾਬਾ ਮਲ੍ਹਣ ਸ਼ਾਹ ਦਾ ਬਚਨ ਤਾਂ ਟਾਲ ਨਾ ਸਕਿਆ ਪਰ ਇਕ ਸ਼ਰਤ ਰੱਖੀ ਕਿ ਮੇਰਾ ਨਾਂ ਪਿੰਡ ਨਾਲ ਜੋੜ ਦੇਵੋ ਤਾਂ ਬਾਬਾ ਮੱਲ੍ਹਣ ਸ਼ਾਹ ਨੇ ਬਚਨ ਕੀਤਾ - ਭਾਈ ਅਸੀਂ ਤੇਰਾ ਨਾਂਅ ਜ਼ਰੂਰ ਨਾਲ ਜੋੜ ਦਿੰਦੇ ਹਾਂ ਪਰ ਇਹ ਦੁਨੀਆਂ ਟੁੱਟਦੀ ਭੱਜਦੀ ਹੈ। ਸਿੱਧ ਮਲ੍ਹਣ ਸ਼ਾਹ ਦਾ ਬਚਨ ਪੂਰਾ ਵੀ ਹੋਇਆ। ਕੁਝ ਸਮਾਂ ਇਹ ਮੋਗਾ, 'ਮੇਲੇ ਵਾਲਾ ਮੋਗਾ' ਵੀ ਅਖਵਾਉਂਦਾ ਰਿਹਾ। ਪਰ ਹੌਲੀ-ਹੌਲੀ ਗਿੱਲਾਂ ਦਾ ਜ਼ੋਰ ਵਧ ਗਿਆ। ਮੇਲਾ ਨਾਮ ਨਾਲੋਂ ਟੁੱਟ ਗਿਆ ਅਤੇ ਇਸ ਦਾ ਨਾਂ ਮੋਗਾ ਹੀ ਰਹਿ ਗਿਆ।

ਫਿਰੋਜ਼ਪੁਰ ਰਾਜਟੀਅਰ ਅਨੁਸਾਰ ਰਾਜਾ ਪ੍ਰਿਥੀਪਤ ਰਾਜਪੂਤ ਰਾਜੇ ਦੇ ਸਮੇਂ ਗਿੱਲ ਬਠਿੰਡੇ ਤੋਂ ਉਜੜ ਕੇ ਨਥਾਣੇ ਪੜਾਅ ਕਰਕੇ ਪਿੰਡ ਵੈਰੋਕਿਆਂ ਕੋਲ 'ਟਾਂਡਾ ਮੀਂਡਾ' ਪਿੰਡ ਆਬਾਦ ਕਰਕੇ ਵਸਣ ਲੱਗੇ, ਇਥੇ ਸੰਘਰੀਏ ਬੈਰਾੜਾਂ ਦਾ ਅਤੇ ਗਿੱਲਾਂ ਦਾ ਚਰਾਂਦਾਂ ਪਿੱਛੇ ਰੌਲਾ ਪੈ ਗਿਆ ਤਾਂ ਲੜਾਈ ਹੋਈ ਅਤੇ ਲੜਾਈ ਵਿਚ ਰਾਜਾ ਗਿੱਲ ਅਤੇ ਮੋਗਾ ਗਿੱਲ ਗੰਭੀਰ ਰੂਪ ਵਿਚ ਫੱਟੜ ਹੋ ਗਏ। ਬੈਰਾੜ ਵਾਰ-ਵਾਰ ਧਾਵੇ ਬੋਲ ਰਹੇ ਸਨ। ਇਹਨਾਂ ਬੈਰਾੜਾਂ ਦੇ ਧਾਵਿਆਂ ਵਿਚ ਪਿੰਡ 'ਟਾਂਡਾ ਮੀਂਡਾ' ਬਰਬਾਦ ਹੋ ਗਿਆ ਅਤੇ ਗਿੱਲ ਕੁਤਰ ਵੱਲ ਭੱਜ ਗਏ ਅਤੇ ਦੱਖਣ ਪੱਛਮ ਵੱਲ ਜਾ ਕੇ ਵਸ ਗਏ। ਇਹ ਸੋਲ੍ਹਵੀਂ ਸਦੀ ਦੇ ਵਿਚਕਾਰਲਾ ਸਮਾਂ ਸੀ।

ਫਿਰੋਜ਼ਪੁਰ ਗਜ਼ਟੀਅਰ ਅਨੁਸਾਰ ਹੀ ਬੈਰਾੜ-ਗਿੱਲਾਂ ਦੀ ਆਪਸੀ ਮੁੱਠਭੇੜ ਵਿਚ ਮੋਗਾ ਗਿੱਲ ਮਾਰਿਆ ਗਿਆ। 'ਟਾਂਡਾ ਮੀਂਡਾ' ਥੇਹ ਹੋ ਗਿਆ ਜਿਸ ਦਾ ਥੇਹ ਅੱਜ ਵੀ ਵੈਰੋਕਿਆਂ ਕੋਲ ਹੈ। ਇਥੋਂ ਉਜੜ ਕੇ ਮੋਗੇ ਗਿੱਲ ਦੇ ਪੰਜ ਪੁੱਤਰਾਂ ਵਿਚੋਂ ਅਸੰਗ ਦੀ ਔਲਾਦ ਦਾਨਸ਼ਾਹ ਉਸ ਦਾ ਪੁੱਤਰ ਮਿੱਤਾ ਅਤੇ ਉਸ ਦੇ ਪੁੱਤਰ ਚੈਨੇ ਨੇ ਆਪਣੇ ਪੜਦਾਦੇ ਦੇ ਨਾਂਅ 'ਤੇ ਮੋਗਾ ਵਸਾਇਆ ਸੀ।

ਇਹ ਸਾਰੇ ਹੀ ਤੱਥ ਆਪੋ-ਆਪਣੀ ਪ੍ਰਮਾਣਿਕਤਾ ਸਿੱਧ ਕਰਦੇ ਹਨ ਕਿ ਮੋਗਾ ਗਿੱਲ ਪਾਲ ਦੀ ਪੰਦਰ੍ਹਵੀਂ ਬੰਸਾਵਲੀ ਤੇ ਹੈ ਅਤੇ ਤੱਥ ਨਿਸ਼ਾਨਦੇਹੀਆਂ ਇਹ ਵੀ ਗਵਾਹੀ ਭਰਦੇ ਹਨ ਕਿ ਮੋਗਾ ਗਿੱਲਾਂ ਦਾ ਆਬਾਦ ਕੀਤਾ ਹੋਇਆ ਹੈ। ਮੁੱਖ ਰੂਪ ਵਿਚ ਜੇ ਮੋਗੇ ਗਿੱਲ ਦੀ ਹੇਠਲੀ ਬੰਸਾਵਲੀ ਵੱਲ ਬਰੀਕੀ ਨਾਲ ਝਾਤ ਮਾਰੀਏ ਤਾਂ ਸੱਚਾਈ ਦੇ ਅੰਸ਼ ਹੋਰ ਵੀ ਜਗਮਗਾਉਣ ਲੱਗ ਜਾਂਦੇ ਹਨ। ਮੋਗੇ ਦੀਆਂ ਪੰਜ ਪੱਤੀਆਂ ਮੋਗੇ ਦੇ ਪੁੱਤਰਾਂ ਦੇ ਨਾਂਅ 'ਤੇ ਹਨ। ਚਰਾਗਾ ਪੱਤੀ, ਬਾਘਾ ਪੱਤੀ, ਸੰਦਲੀ ਪੱਤੀ, ਅਸੰਗ ਪੱਤੀ ਅਤੇ ਰੂਪਾ ਪੱਤੀ।

ਮੋਗੇ ਗਿੱਲ ਦਾ ਦੂਜਾ ਭਾਈ ਜੋਗਾ ਸੀ। ਜਿਸ ਦੀ ਔਲਾਦ ਮਹਿਲਾ ਅਤੇ ਅਜੀਤ ਸੀ। ਮੋਗਾ ਮਹਿਲਾ ਸਿੰਘ ਇਕ ਵੱਖਰਾ ਅਗਵਾੜ ਹੈ। ਅੱਗੇ ਇਨ੍ਹਾਂ ਦੀਆਂ ਵੱਖੋ-ਵੱਖਰੀਆਂ ਪੱਤੀਆਂ ਹਨ। ਮੋਗਾ ਸ਼ਬਦ ਦੇ ਮੂਲ ਬਾਰੇ ਨਿਸ਼ਚੇ ਨਾਲ ਹੀ ਆਖਿਆ ਜਾ ਸਕਦਾ ਹੈ ਕਿ ਮੋਗਾ ਪਿੰਡ ਸੋਲ੍ਹਵੀਂ ਸਦੀ ਵਿਚ ਮੋਗਬੰਧ, ਮੋਗਪੁਰ ਆਦਿ ਥਾਵਾਂ ਤੋਂ ਉਜੜ ਕੇ ਅੱਜ ਦੀ ਮੋਗੇ ਵਾਲੀ ਥਾਂ 'ਤੇ ਮੋਗੇ ਨਾਂਅ ਦੇ ਬਜ਼ੁਰਗ ਦੇ ਨਾਂਅ 'ਤੇ ਬੱਝਿਆ। ਇਹ ਸ਼ਬਦ ਮੋਗਾ ਗਿੱਲ ਕੌਮ ਦੀ ਪ੍ਰਾਚੀਨਤਾ ਦੀ ਗਵਾਹੀ ਵੀ ਭਰਦਾ ਹੈ।

ਉਪਰੋਕਤ ਇਤਿਹਾਸਕ ਪ੍ਰਮਾਣਾਂ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਮੋਗਾ ਸ਼ਹਿਰ ਦਾ ਨਾਉਂ ਇਥੇ ਮੂਲ ਰੂਪ ਵਿਚ ਵਸਦੇ ਗਿੱਲ ਖਾਨਦਾਨ ਦੇ ਬਜ਼ੁਰਗ ਮੋਗਾ ਗਿੱਲ ਦੇ ਨਾਉਂ 'ਤੇ ਹੀ ਪਿਆ। ਇਹ ਇਕ ਹਕੀਕਤ ਹੈ।